**ਰਾਜ ਵਿੱਦਿਅਕ ਖੋਜ ਅਤੇ ਸਿਖਲਾਈ ਪ੍ਰੀਸ਼ਦ, ਪੰਜਾਬ**
**ਛੇਵੀਂ ਮੰਜ਼ਿਲ, ਬਲਾਕ-ਈ, ਪੰਜਾਬ ਸਕੂਲ ਸਿੱਖਿਆ ਬੋਰਡ ਕੰਪ, ਫੇਜ਼-8,**
**ਸਾਹਿਬਜ਼ਾਦਾ ਅਜੀਤ ਸਿੰਘ ਨਗਰ (ਮੁਹਾਲੀ), ਫੋਨ ਨੰਬਰ:-0172-2212221**

Azadi Ka Amrit Mahotsav

(ਵੈੱਬਸਾਈਟ ਰਾਹੀਂ)

**ਵੱਲ**

ਸਮੂਹ ਜ਼ਿਲ੍ਹਾ ਸਿੱਖਿਆ ਅਫ਼ਸਰ (ਸੈ.ਸਿੱ/ਐ.ਸਿੱ)
ਸਮੂਹ ਸਕੂਲ ਮੁਖੀ (ਪ੍ਰਾਇਮਰੀ ਅਤੇ ਅੱਪਰ ਪ੍ਰਾਇਮਰੀ ਸਕੂਲ)

ਮੀਮੋ ਨੰ.SCERT/SC1/2022232657 ਮਿਤੀ:- 29/08/2022

**ਵਿਸ਼ਾ:- ਮਿਤੀ 03.09.2022 ਨੂੰ ਸਮੂਹ ਸਰਕਾਰੀ ਸਕੂਲਾਂ ਵਿੱਚ ਮਾਪੇ-ਅਧਿਆਪਕ ਮਿਲਣੀ (PTM) ਦੇ ਆਯੋਜਨ ਸੰਬੰਧੀ।**

- ਪੰਜਾਬ ਰਾਜ ਦੇ ਸਰਕਾਰੀ ਸਕੂਲਾਂ ਵਿੱਚ ਪੜ੍ਹਦੇ ਵਿਦਿਆਰਥੀਆਂ ਨੂੰ ਗੁਣਾਤਮਿਕ ਸਿੱਖਿਆ ਦੇਣ ਲਈ ਅਤੇ ਵਿਦਿਆਰਥੀਆਂ ਦੇ ਮਾਪਿਆਂ ਅਤੇ ਅਧਿਆਪਕਾਂ ਵਿੱਚ ਬੇਹਤਰ ਤਾਲਮੇਲ ਬਣਾਉਣ ਦੇ ਉਦੇਸ਼ ਨਾਲ ਮਿਤੀ 03.09.2022 ਨੂੰ ਰਾਜ ਦੇ ਸਮੂਹ ਸਰਕਾਰੀ ਪ੍ਰਾਇਮਰੀ ਅਤੇ ਅੱਪਰ ਪ੍ਰਾਇਮਰੀ ਸਕੂਲਾਂ ਵਿੱਚ ਮਾਪੇ-ਅਧਿਆਪਕ ਮਿਲਣੀ ਕਰਵਾਈ ਜਾਣੀ ਹੈ।
- ਮਾਪੇ-ਅਧਿਆਪਕ ਮਿਲਣੀ ਦੇ ਸਫ਼ਲ ਆਯੋਜਨ ਲਈ ਮਿਤੀ 03.09.2022 ਨੂੰ ਕੇਵਲ ਸਕੂਲ ਸਟਾਫ਼ ਸਕੂਲ ਵਿੱਚ ਹਾਜ਼ਰ ਰਹੇਗਾ।ਸਕੂਲ ਮੁਖੀ ਦੀ ਅਗਵਾਈ ਵਿੱਚ ਸਟਾਫ਼ ਦੇ ਸਹਿਯੋਗ ਨਾਲ ਮਾਪੇ-ਅਧਿਆਪਕ ਮਿਲਣੀ ਨੂੰ ਪ੍ਰਭਾਵਸ਼ਾਲੀ ਤਰੀਕੇ ਨਾਲ ਨੇਪਰੇ ਚਾੜ੍ਹਿਆ ਜਾਵੇਗਾ। ਸਕੂਲ ਦੇ ਵਿਦਿਆਰਥੀ ਆਪਣੇ ਮਾਪਿਆਂ ਨਾਲ ਮਾਪੇ-ਅਧਿਆਪਕ ਮਿਲਣੀ ਵਿੱਚ ਭਾਗ ਲੈਣਗੇ।
- ਇਸ ਮਾਪੇ-ਅਧਿਆਪਕ ਮਿਲਣੀ ਨੂੰ ਸਫ਼ਲ ਅਤੇ ਪ੍ਰਭਾਵਸ਼ਾਲੀ ਬਣਾਉਣ ਲਈ ਹੇਠ ਲਿਖੇ ਅਨੁਸਾਰ ਯੋਜਨਾਬੰਦੀ ਉਲੀਕੀ ਗਈ ਹੈ:-

**ਮਾਪੇ ਅਧਿਆਪਕ ਮਿਲਣੀ ਤੋਂ ਪਹਿਲਾਂ ਕਰਵਾਈਆ ਜਾਣ ਵਾਲੀਆਂ ਗਤੀਵਿਧੀਆਂ ਦਾ ਵੇਰਵਾ:-**

- ਸਕੂਲ ਵੱਲੋਂ ਸਮੂਹ ਵਿਦਿਆਰਥੀਆਂ ਦੇ ਮਾਪਿਆਂ, ਪੰਚਾਇਤ ਮੈਂਬਰਾਂ, ਐੱਸ.ਐੱਮ.ਸੀ ਮੈਂਬਰਾਂ,ਇਲਾਕੇ ਜਾਂ ਪਿੰਡ ਦੇ ਪੱਤਵੰਤੇ ਸੱਜਣਾ ਅਤੇ ਲੋਕ ਨੁਮਾਇੰਦਿਆਂ ਨੂੰ ਸੱਦਾ ਦਿੱਤਾ ਜਾਵੇ।
- ਸਕੂਲ ਮੁਖੀਆਂ ਦੁਆਰਾ ਮਾਪੇ-ਅਧਿਆਪਕ ਮਿਲਣੀ ਤੋਂ ਪਹਿਲਾਂ ਸਟਾਫ਼ ਨਾਲ ਮੀਟਿੰਗ ਕੀਤੀ ਜਾਵੇ ਅਤੇ ਅਧਿਆਪਕਾਂ ਦੁਆਰਾ ਲੋੜ ਪੈਣ 'ਤੇ ਸੀਨੀਅਰ ਜਮਾਤਾਂ ਦੇ ਵਿਦਿਆਰਥੀਆਂ ਦੀਆਂ ਡਿਊਟੀਆਂ ਵੀ ਲਗਾਈਆਂ ਜਾ ਸਕਦੀਆਂ ਹਨ।
- ਹਰੇਕ ਸਕੂਲ ਦੁਆਰਾ ਨੇੜੇ ਦੇ ਧਾਰਮਿਕ/ਸਾਂਝੇਂ ਸਥਾਨਾਂ ਤੋਂ ਅਨਾਊਸਮੈਂਟ ਰਾਹੀਂ ਮਾਪੇ-ਅਧਿਆਪਕ ਮਿਲਣੀ ਵਿਚ ਲਾਜਮੀ ਤੌਰ ਤੇ ਸ਼ਾਮਿਲ ਹੋਣ ਲਈ ਪ੍ਰੇਰਿਤ ਕੀਤਾ ਜਾਵੇ।
- ਸਕੂਲ ਦੇ ਫੇਸਬੁੱਕ/ਟਵਿੱਟਰ ਪੇਜ, ਸੋਸ਼ਲ ਮੀਡੀਆ ਆਦਿ ਪਲੇਟਫਾਰਮ ਜਾਂ ਵਟੱਸਐਪ ਗਰੁੱਪਾਂ ਰਾਹੀਂ ਵੱਧ ਤੋਂ ਵੱਧ ਪੋਸਟਰ,ਆਡੀਓ/ਵੀਡੀਓ ਮੈਸੇਜ ਜਾਗਰੂਕਤਾ ਲਈ ਸਾਂਝੇ ਕੀਤੇ ਜਾ ਸਕਦੇ ਹਨ।
- ਵਿਦਿਆਰਥੀਆਂ ਨੂੰ 03.09.2022 ਤੋਂ ਪਹਿਲਾਂ ਸਵੇਰ ਦੀ ਸਭਾ ਦੌਰਾਨ ਸਕੂਲ ਮੁਖੀਆਂ ਦੁਆਰਾ ਸੰਬੋਧਨ ਕਰਦੇ ਹੋਏ ਮਾਪੇ-ਅਧਿਆਪਕ ਮਿਲਣੀ ਸੰਬੰਧੀ ਜਾਣਕਾਰੀ ਦਿੱਤੀ ਜਾਵੇ।

- ਵੱਧ ਤੋਂ ਵੱਧ ਮਾਪਿਆਂ ਦੀ ਸ਼ਮੂਲੀਅਤ ਨੂੰ ਯਕੀਨੀ ਬਣਾਇਆ ਜਾਵੇ।

**ਮਿਤੀ 03.09.2022 ਨੂੰ ਮਾਪੇ-ਅਧਿਆਪਕ ਮਿਲਣੀ ਵਾਲੇ ਦਿਨ ਦੀਆਂ ਗਤੀਵਿਧੀਆਂ :-**

| ਲੜੀ ਨੰ. | ਗਤੀਵਿਧੀ ਦਾ ਵੇਰਵਾ | ਵਿਸ਼ੇਸ਼ ਕਥਨ |
|---|---|---|
| 1 | ਮਾਪਿਆਂ ਦਾ ਸਵਾਗਤ ਕਰਨਾ | ਇਸ ਸੰਬੰਧ ਵਿੱਚ ਸਕੂਲ ਵਿੱਚ ਵਿਦਿਆਰਥੀਆਂ ਅਤੇ ਅਧਿਆਪਕਾਂ ਦੀ ਗਿਣਤੀ ਅਨੁਸਾਰ ਡਿਊਟੀ ਲਗਾਕੇ ਸਕੂਲ ਵਿੱਚ ਆਉਣ ਵਾਲੇ ਹਰ ਵਿਦਿਆਰਥੀ ਦੇ ਮਾਤਾ-ਪਿਤਾ ਦਾ ਸਵਾਗਤ ਕੀਤਾ ਜਾਵੇ। |
| 2 | ਪ੍ਰਦਰਸ਼ਨੀ ਲਗਾਉਣਾ | ਸਕੂਲ ਵਿੱਚ ਉਪਲਬੱਧ ਵੱਖ-ਵੱਖ ਤਰ੍ਹਾਂ ਦੇ ਸਪਲੀਮੈਂਟਰੀ ਮਟੀਰੀਅਲ, ਟੀ.ਐੱਲ.ਐੱਮ.ਤੇ ਲਾਇਬ੍ਰੇਰੀ ਕਿਤਾਬਾਂ ਆਦਿ ਦੀਆਂ ਪ੍ਰਦਰਸ਼ਨੀਆਂ ਲਗਾਈਆਂ ਜਾਣ ਅਤੇ ਸਕੂਲ ਵਿੱਚ ਆਉਣ ਵਾਲੇ ਸਮੂਹ ਮਾਪਿਆਂ ਨੂੰ ਪ੍ਰਦਰਸ਼ਨੀ ਸੰਬੰਧੀ ਜਾਣਕਾਰੀ ਸਾਂਝੀ ਕਰਨ ਲਈ ਅਧਿਆਪਕਾਂ/ਸੀਨੀਅਰ ਜਮਾਤ ਦੇ ਵਿਦਿਆਰਥੀਆਂ ਦੀ ਡਿਊਟੀ ਲਗਾਈ ਜਾਵੇ। |
| 3 | ਮਾਪਿਆਂ ਲਈ ਖੇਡਾਂ ਅਤੇ ਗਤੀਵਿਧੀਆਂ | ਸਕੂਲ ਵਿੱਚ ਆਉਣ ਵਾਲੇ ਮਾਪਿਆਂ ਲਈ ਖੇਡਾਂ ਦਾ ਆਯੋਜਨ ਕੀਤਾ ਜਾ ਸਕਦਾ ਹੈ । ਇਹ ਖੇਡਾਂ Spoon and Lemon race, Musical Chair, Balloon Game, Sack Race, ਆਦਿ ਵਿਚੋਂ ਕੋਈ ਵੀ ਹੋ ਸਕਦੀਆਂ ਹਨ ਅਤੇ ਇਸ ਤੋਂ ਇਲਾਵਾ ਪੌਦੇ ਲਗਾਉਣ ਅਤੇ ਫੋਟੋ ਕਾਰਨਰ ਬਣਾਉਣ ਆਦਿ ਸਬੰਧੀ ਗਤੀਵਿਧੀਆਂ ਵੀ ਕਰਵਾਈਆਂ ਜਾ ਸਕਦੀਆਂ ਹਨ |
| 4 | ਬੱਚਿਆਂ ਦੀ ਕਾਰਗੁਜ਼ਾਰੀ ਬਾਰੇ ਮਾਪਿਆਂ ਨਾਲ ਗੱਲਬਾਤ | ਵਿਦਿਆਰਥੀਆਂ ਦੇ ਮਾਪਿਆਂ ਨਾਲ ਹੇਠ ਲਿਖੇ ਮੁੱਦਿਆ 'ਤੇ ਵਿਚਾਰ ਚਰਚਾ ਕੀਤੀ ਜਾਵੇ:-<br>1. ਵਿਦਿਆਰਥੀਆਂ ਦੀ ਹਾਜ਼ਰੀ<br>2. ਵਿਦਿਆਰਥੀਆਂ ਦੀ ਪਿਛਲੇ ਮਹੀਨਿਆਂ ਦੀ ਕਾਰਗੁਜ਼ਾਰੀ<br>3. ਸਿਹਤ ਸੰਭਾਲ<br>4. ਸਕੂਲ ਵਿੱਚੋਂ ਉਪਲਬੱਧ ਸਹੂਲਤਾਂ ਬਾਰੇ।<br>5. ਪ੍ਰਾਇਮਰੀ ਜਮਾਤ ਦੇ ਵਿਦਿਆਰਥੀਆਂ ਦੇ ਮਾਪਿਆਂ ਨੂੰ ਸਪਲੀਮੈਂਟਰੀ ਮਟੀਰੀਅਲ (ਬੁੱਕਸ) ਦਿਖਾਉਣਾ ਅਤੇ ਦੇਣਾ। |
| 5 | ਸਕੂਲ ਮੁਖੀ ਦੁਆਰਾ ਮਾਪਿਆਂ ਨੂੰ ਸੰਬੋਧਨ | ਮਾਪੇ-ਅਧਿਆਪਕ ਮਿਲਣੀ ਦੌਰਾਨ ਇਸ ਤਰ੍ਹਾਂ ਦੀ ਯੋਜਨਾਬੰਦੀ ਕੀਤੀ ਜਾਵੇ ਕਿ ਸਕੂਲ ਮੁਖੀ ਗਰੁੱਪਾਂ ਵਿੱਚ ਮਾਪਿਆਂ ਨੂੰ ਸੰਬੋਧਨ ਕਰ ਸਕਣ। |

- ਮਾਪਿਆਂ ਅਤੇ ਹੋਰ ਕਮਿਊਨਿਟੀ ਮੈਂਬਰਾਂ ਦੇ ਬੈਠਣ ਦਾ ਢੁਕਵਾਂ ਪ੍ਰਬੰਧ ਕੀਤਾ ਜਾਵੇ।
- ਇਸ ਮਾਪੇ ਅਧਿਆਪਕ ਮਿਲਣੀ ਦੌਰਾਨ ਪਬਲਿਕ ਨੁਮਾਇੰਦਿਆਂ, ਸੰਬਧਤ ਜ਼ਿਲ੍ਹੇ ਦੇ ਡਿਪਟੀ ਕਮਿਸ਼ਨਰ ਸਹਿਬਾਨ, ਮੁੱਖ ਦਫ਼ਤਰ ਦੇ ਅਧਿਕਾਰੀਆਂ, ਜ਼ਿਲ੍ਹਾ/ਬਲਾਕ ਅਧਿਕਾਰੀਆਂ ਦੁਆਰਾ ਵੀ ਸਕੂਲਾਂ ਦਾ ਦੌਰਾ ਕੀਤਾ ਜਾਣਾ ਹੈ। ਸਕੂਲਾਂ ਦਾ ਦੌਰਾ ਕਰਨ ਵਾਲੇ ਇਹਨਾਂ ਨੁਮਾਇੰਦਿਆਂ/ ਅਧਿਕਾਰੀਆਂ ਅਤੇ ਮਾਪਿਆਂ ਨੂੰ ਪੂਰਾ ਮਾਣ-ਸਤਿਕਾਰ ਦਿੱਤਾ ਜਾਵੇ।
- ਸਮੂਹ ਸਕੂਲ ਮੁਖੀ ਮਿਤੀ 30.08.2022 ਨੂੰ ਦੁਪਹਿਰ 1.00 ਵਜੇ ਤੋਂ ਦੁਪਹਿਰ 2.00 ਵਜੇ ਤੱਕ ਮਾਪੇ-ਅਧਿਆਪਕ ਮਿਲਣੀ ਸਬੰਧੀ DIKSHA APP ਤੇ ਹੋਣ ਵਾਲੀਆਂ ਗਤੀਵਿਧਿਆਂ ਬਾਰੇ Orientation ਐਜੂਸੈਟ ਰਾਹੀਂ ਅਟੈਂਡ ਕਰਨਾ ਯਕੀਨੀ ਬਣਾਉਣਗੇ। ਸਕੂਲ ਮੁਖੀ Orientation ਤੋਂ ਪਹਿਲਾਂ DIKSHA App ਡਾਉਨਲੋਡ ਕਰਕੇ ਆਪਣੀ ਪ੍ਰੋਫਾਇਲ ਅਪਡੇਟ ਕਰਨਗੇ।

- ਪੜ੍ਹੋ ਪੰਜਾਬ ਪੜ੍ਹਾਓ ਪੰਜਾਬ ਟੀਮ, ਮੀਡੀਆ ਟੀਮ ਅਤੇ ਅਧਿਕਾਰੀ ਸਾਹਿਬਾਨਾਂ ਦੁਆਰਾ ਨਿਮਨ ਲਿਖਤ ਕਾਰਜ ਕਰਨ ਦੀ ਲੋੜ ਹੈ:

| ਜ਼ਿੰਮੇਵਾਰੀ | ਕਾਰਜ |
|---|---|
| **ਜ਼ਿਲ੍ਹਾ ਸਿੱਖਿਆ ਅਫਸਰ,(ਸੈ.ਸਿ.),(ਐ. ਸਿ) ਉਪ ਜ਼ਿਲ੍ਹਾ ਸਿੱਖਿਆ ਅਫਸਰ,(ਸੈ.ਸਿ.),(ਐ.ਸਿ) ਪੜ੍ਹੋ ਪੰਜਾਬ ਪੜ੍ਹਾਓ ਪੰਜਾਬ ਟੀਮ ਅਤੇ ਬਲਾਕ ਪ੍ਰਾਇਮਰੀ ਸਿੱਖਿਆ ਅਫਸਰ** | 1. ਮਾਪੇ ਅਧਿਆਪਕ ਮਿਲਣੀ ਵਾਲੇ ਦਿਨ ਸਕੂਲਾਂ ਦਾ ਦੌਰਾ ਕਰਨਾ।<br>2.ਦਿਨ ਦੀਆਂ ਗਤੀਵਿਧੀਆਂ ਦਾ ਨਿਰੀਖਣ ਕਰਨਾ ਅਤੇ ਸਕੂਲ ਪ੍ਰਬੰਧ ਅਤੇ ਸਿੱਖਣ ਸੁਧਾਰਾਂ ਬਾਰੇ ਮਾਪਿਆਂ ਤੋਂ ਸੁਝਾਅ ਲੈਣਾ।<br>3. ਮਾਪੇ ਅਧਿਆਪਕ ਮਿਲਣੀ ਸਬੰਧੀ ਆਪਣੀ ਨਿਰੀਖਣ ਰਿਪੋਰਟ (https://tinyurl.com/PTM-Observation) ਲਿੰਕ ਰਾਹੀਂ ਭਰਨਾ।<br>4. ਮਾਪੇ ਅਧਿਆਪਕ ਮਿਲਣੀ ਤੋਂ ਬਾਅਦ, ਵਧੀਆ ਅਨੁਭਵਾਂ ਅਤੇ ਸੁਧਾਰਾਂ ਨੂੰ ਸਾਂਝਾ ਕਰਨਾ। |
| **ਮੀਡੀਆ ਟੀਮ** | 1.ਮਾਪੇ ਅਧਿਆਪਕ ਮਿਲਣੀ ਤੋਂ ਪਹਿਲਾਂ ਅਧਿਆਪਕਾਂ ਅਤੇ ਮਾਪਿਆਂ ਨਾਲ ਡਿਜ਼ਾਈਨ ਕੀਤੇ ਪੋਸਟਰਾਂ ਅਤੇ ਵੀਡੀਓ ਨੂੰ ਸਾਂਝਾ ਕਰਨਾ।<br>2. ਮਾਪਿਆਂ ਅਤੇ ਵਿਦਿਆਰਥੀਆਂ ਨਾਲ ਸੁਝਾਅ ਰਿਕਾਰਡ ਕਰਨਾ।<br>3.ਮਾਪੇ ਅਧਿਆਪਕ ਮਿਲਣੀ ਵਾਲੇ ਦਿਨ ਦੀ ਮੀਡੀਆ ਕਵਰੇਜ ਤੋਂ ਬਾਅਦ ਇੱਕ ਦਸਤਾਵੇਜ਼ੀ ਵੀਡੀਓ ਬਣਾਉਣਾ। |

- ਮਾਪੇ-ਅਧਿਆਪਕ ਮਿਲਣੀ ਦੀ ਸੋਸ਼ਲ ਮੀਡੀਆ ਰਾਹੀਂ ਪ੍ਰਚਾਰ ਕਰਨ ਲਈ ਜ਼ਿਲ੍ਹਾ ਮੀਡੀਆ ਕੋਆਰਡੀਨੇਟਰ/ ਸਕੂਲ ਮੀਡੀਆ ਇੰਚਾਰਜ ਨਾਲ਼ ਤਾਲਮੇਲ ਕਰਕੇ ਲੋੜੀਂਦੀ ਡਿਊਟੀ ਲਗਾਈ ਜਾਵੇ।
- ਮਾਪੇ-ਅਧਿਆਪਕ ਮਿਲਣੀ ਦੌਰਾਨ ਇੱਕ ਸੁਝਾਅ ਬਾਕਸ ਰੱਖਿਆ ਜਾਵੇ ਅਤੇ ਬੱਚਿਆਂ ਅਤੇ ਮਾਪਿਆਂ ਨੂੰ ਇਸ ਸੁਝਾਅ ਬਾਕਸ ਦੀ ਵਰਤੋਂ ਬਾਰੇ ਜਾਣਕਾਰੀ ਦਿੱਤੀ ਜਾਵੇ।
- ਸਮੂਹ ਸਕੂਲ ਮੁਖੀ ਮਾਪੇ-ਅਧਿਆਪਕ ਮਿਲਣੀ ਤੋਂ ਬਾਅਦ ਆਪਣੇ ਸਕੂਲ ਦੀ ਰਿਪੋਰਟ DIKSHA App ਤੇ ਉਪਲਬਧ ਪ੍ਰੋਫਾਰਮੇ ਤੇ ਅਪਲੋਡ ਕਰਨਗੇ।

**ਡਾਇਰੈਕਟਰ**

**ਰਾਜ ਵਿੱਦਿਅਕ ਖੋਜ਼ ਅਤੇ ਸਿਖਲਾਈ ਪ੍ਰੀਸ਼ਦ,ਪੰਜਾਬ।**